**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਸਿਟੀਜ਼ਨਸ ਅਵਾਰਡਸ ਅਸਧਾਰਨ ਨਿਵਾਸੀਆਂ ਨੂੰ ਸਨਮਾਨਿਤ ਕਰਦੇ ਹਨ

ਬ੍ਰੈਂਪਟਨ, ਓਨਟੈਰੀਓ (12 ਮਈ, 2022) – ਸਿਟੀ ਆਫ ਬ੍ਰੈਂਪਟਨ, ਉਹਨਾਂ ਕਮਿਉਨਿਟੀ ਐਥਲੀਟਾਂ, ਵਾਲੰਟੀਅਰਾਂ ਅਤੇ ਲੋਕਲ ਹੀਰੋਜ ਨੂੰ ਸਨਮਾਨਿਤ ਕਰਦੀ ਹੈ ਅਤੇ ਉਹਨਾਂ ਦਾ ਜਸ਼ਨ ਮਨਾਉਂਦੀ ਹੈ, ਜਿਹਨਾਂ ਨੇ 2021 ਵਿੱਚ ਅਸਧਾਰਨ ਉਪਲਬਧੀਆਂ ਹਾਸਲ ਕੀਤੀਆਂ ਹਨ।

ਬ੍ਰੈਂਪਟਨ ਸਿਟੀਜ਼ਨਸ ਅਵਾਰਡਸ (Brampton Citizens Awards), ਉਹਨਾਂ ਨਿਵਾਸੀਆਂ ਨੂੰ ਸਨਮਾਨਿਤ ਕਰਦੇ ਹਨ, ਜਿਹਨਾਂ ਨੇ 2021 ਦੇ ਕੈਲੰਡਰ ਸਾਲ ਦੇ ਦੌਰਾਨ ਅਰਥਪੂਰਨ ਯੋਗਦਾਨ ਦਿੱਤਾ ਹੈ ਜਾਂ ਹੇਠਾਂ ਦਿੱਤੀਆਂ ਸ਼੍ਰੇਣੀਆਂ ਵਿੱਚੋਂ ਕਿਸੇ ਇੱਕ ਵਿੱਚ ਖਾਸ ਉਪਲਬਧੀ ਹਾਸਲ ਕੀਤੀ ਹੈ:

- ਸਪੋਰਟਸ ਅਚੀਵਮੈਂਟ ਅਵਾਰਡ (Sports Achievement Award), ਬ੍ਰੈਂਪਟਨ ਦੇ ਉਹਨਾਂ ਵਿਅਕਤੀਆਂ ਅਤੇ ਟੀਮਾਂ ਨੂੰ ਸਨਮਾਨਿਤ ਕਰਦਾ ਹੈ, ਜਿਹਨਾਂ ਦੀਆਂ ਸਪੋਰਟਸ ਵਿੱਚ ਉਪਲਬਧੀਆਂ ਨੂੰ ਪ੍ਰੋਵਿੰਸ਼ੀਅਲ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਲੈਵਲ ਤੇ ਮਾਨਤਾ ਮਿਲੀ ਹੈ।
- ਕੇਨ ਗਾਈਲਸ ਐਮਚਰ ਐਥਲੀਟ ਆਫ ਦ ਯੀਅਰ ਅਵਾਰਡ (Ken Giles Amateur Athlete of the Year Award), ਉਸ ਅਸਧਾਰਨ ਵਿਅਕਤੀ ਨੂੰ ਦਿੱਤਾ ਜਾਂਦਾ ਹੈ, ਜਿਸਨੇ ਆਪਣੀ ਸਬੰਧਤ ਸਪੋਰਟ ਵਿੱਚ ਗੈਰ-ਪੇਸ਼ਾਵਰ ਲੈਵਲ ਤੇ ਮਹੱਤਵਪੂਰਣ ਅਸਰ ਪਾਇਆ ਹੈ ਅਤੇ/ਜਾਂ ਅਸਧਾਰਨ ਉਪਲਬਧੀ ਹਾਸਲ ਕੀਤੀ ਹੈ।
- ਆਰਟਸ ਅਕਲੇਮ ਅਵਾਰਡ (Arts Acclaim Award), ਕਲਾ ਨਾਲ ਸਬੰਧਤ ਵਿਚਲੇ ਉਹਨਾਂ ਵਿਅਕਤੀਆਂ ਨੂੰ ਸਨਮਾਨਿਤ ਕਰਦਾ ਹੈ, ਜਿਹਨਾਂ ਦੇ ਯੋਗਦਾਨਾਂ ਨੇ, ਲੋਕਲ, ਪ੍ਰੋਵਿੰਸ਼ੀਅਲ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪ੍ਰਸ਼ੰਸਾ ਹਾਸਲ ਕਰਨ ਦੇ ਸੰਦਰਭ ਵਿੱਚ ਮਹੱਤਵਪੂਰਣ ਅਸਰ ਪਾਇਆ ਹੈ।
- ਲੌਂਗ ਟਰਮ ਸਰਵਿਸ ਅਵਾਰਡ (Long Term Service Award), ਉਹਨਾਂ ਸਮਰਪਿਤ ਵਾਲੰਟੀਅਰਾਂ ਨੂੰ ਸਨਮਾਨਿਤ ਕਰਦਾ ਹੈ, ਜਿਹਨਾਂ ਦੇ ਯਤਨਾਂ ਨੇ, ਰੇਕ੍ਰੀਏਸ਼ਨਲ ਸਪੋਰਟਸ, ਕਲਾ ਅਤੇ ਕਮਿਉਨਿਟੀ ਸੋਸ਼ਲ ਸਰਵਿਸਿਜ ਦੇ ਵਿਕਾਸ ਅਤੇ ਉੱਨਤੀ ਤੇ ਮਹੱਤਵਪੂਰਣ ਅਸਰ ਪਾਇਆ ਹੈ।
- ਇੰਸਪਿਰੇਸ਼ਨਲ ਅਵਾਰਡ (Inspirational Award), ਬ੍ਰੈਂਪਟਨ ਦੇ ਉਹਨਾਂ ਨਿਵਾਸੀਆਂ ਨੂੰ ਸਨਮਾਨਿਤ ਕਰਦਾ ਹੈ, ਜੋ ਮਨੁੱਖ ਦੇ ਹਿੱਤਾਂ ਲਈ ਕੀਤੇ ਜਾਣ ਵਾਲੇ (ਮਾਨਵ ਹਿਤੈਸ਼ੀ) ਕਾਰਜਾਂ ਦੀ ਹਿਮਾਇਤ ਕਰਦੇ ਹਨ ਜਾਂ ਖੁਦ ਅਜਿਹੇ ਕੰਮ ਕਰਦੇ ਹਨ, ਜਾਂ ਜਿਹਨਾਂ ਨੇ ਦੂਜਿਆਂ ਤੇ ਪ੍ਰੇਰਨਾ ਦੇਣ ਵਾਲਾ ਅਸਰ ਪਾਇਆ ਹੈ।
- ਸਿਟੀਜ਼ਨਸ ਆਫ ਦ ਯੀਅਰ ਅਵਾਰਡਸ (Citizens of the Year Awards), ਬ੍ਰੈਂਪਟਨ ਦੇ ਹਰ ਉਮਰ ਦੇ ਉਹਨਾਂ ਵਾਲੰਟੀਅਰਾਂ ਨੂੰ ਸਨਮਾਨਿਤ ਕਰਦਾ ਹੈ, ਜਿਹਨਾਂ ਨੇ 2021 ਵਿੱਚ, ਜੋਸ਼ੀਲੀ, ਸਮਰਪਿਤ ਕਮਿਉਨਿਟੀ ਸ਼ਮੂਲੀਅਤ ਦਰਸਾਈ ਹੈ।

ਸਾਰੇ ਨਾਮਾਂਕਣਾਂ ਦੀ ਸਮੀਖਿਆ, ਇੱਕ ਸਲੈਕਸ਼ਨ ਕਮੇਟੀ (Selection Committee) ਵੱਲੋਂ ਕੀਤੀ ਗਈ ਸੀ, ਜਿਸ ਵਿੱਚ, ਅਵਾਰਡ ਸ਼੍ਰੇਣੀਆਂ ਵਿੱਚ ਵਿਸ਼ੇ ਸਬੰਧੀ ਮੁਹਾਰਤ ਵਾਲੇ ਕਮਿਉਨਿਟੀ ਮੈਂਬਰਾਂ ਦੇ ਨਾਲ-ਨਾਲ, ਸ਼ਹਿਰ ਦੇ ਚੁਣੇ ਹੋਏ ਅਫ਼ਸਰ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services), ਬ੍ਰੈਂਪਟਨ ਸਪੋਰਟਸ ਅਲਾਈਂਸ (Brampton Sports Alliance), ਬ੍ਰੈਂਪਟਨ ਸੀਨੀਅਰਸ ਕਾਉਂਸਿਲ (Brampton Seniors Council) ਅਤੇ ਪੀਲ ਰੀਜਨਲ ਪੁਲਿਸ (Peel Regional Police) ਸ਼ਾਮਲ ਸਨ।

2021 ਦੇ ਬ੍ਰੈਂਪਟਨ ਸਿਟੀਜ਼ਨਸ ਅਵਾਰਡ ਹਾਸਲ ਕਰਨ ਵਾਲਿਆਂ ਨੂੰ, 25 ਮਈ ਨੂੰ ਰੋਜ਼ ਥਿਏਟਰ (Rose Theatre) ਵਿੱਚ ਇੱਕ ਸਮਾਰੋਹ ਵਿੱਚ ਸਨਮਾਨਿਤ ਕੀਤਾ ਜਾਵੇਗਾ। ਅਵਾਰਡ ਹਾਸਲ ਕਰਨ ਵਾਲੇ ਸਾਰੇ ਵਿਅਕਤੀਆਂ ਦੀ ਸੂਚੀ, brampton.ca/citizensawards ਤੇ ਵੇਖੋ।

**ਹਵਾਲੇ**

"ਬ੍ਰੈਂਪਟਨ ਸਿਟੀਜ਼ਨਸ ਅਵਾਰਡਸ ਸਾਨੂੰ, ਅਸਧਾਰਨ ਨਿਵਾਸੀਆਂ ਅਤੇ ਐਥਲੀਟਾਂ, ਕਲਾਕਾਰਾਂ, ਵਾਲੰਟੀਅਰਾਂ ਅਤੇ ਲੋਕਲ ਹੀਰੋ ਵਜੋਂ ਉਹਨਾਂ ਦੇ ਯੋਗਦਾਨਾਂ ਨੂੰ ਸਨਮਾਨਿਤ ਕਰਨ ਦਾ ਮਹੱਤਵਪੂਰਣ ਮੌਕਾ ਪ੍ਰਦਾਨ ਕਰਦੇ ਹਨ। ਉਸ ਹਰੇਕ ਵਿਅਕਤੀ ਦਾ ਧੰਨਵਾਦ, ਜਿਸਨੇ ਨਾਮਾਂਕਣ ਪੇਸ਼ ਕੀਤੇ ਹਨ। ਇਹ ਅਵਾਰਡਸ ਮਾਣ ਕਰਨਾ ਸਿਖਾਉਂਦੇ ਹਨ, ਲੋਕਲ ਨਾਗਰਿਕਾਂ ਨੂੰ ਉਹਨਾਂ ਦੇ ਅਰਥਪੂਰਣ ਯੋਗਦਾਨਾਂ ਵਾਸਤੇ ਮਾਨਤਾ ਦਿੰਦੇ ਹਨ ਅਤੇ ਬ੍ਰੈਂਪਟਨ ਦੇ ਹਰੇਕ ਵਿਅਕਤੀ ਨੂੰ, ਸਾਡੀ ਕਮਿਉਨਿਟੀ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਦੇ ਹਨ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"1974 ਤੋਂ, ਬ੍ਰੈਂਪਟਨ ਸਿਟੀਜ਼ਨਸ ਅਵਾਰਡਸ ਦੇ ਨਾਲ ਸਾਡੀ ਕਮਿਉਨਿਟੀ ਵਿੱਚ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਨੂੰ ਸਨਮਾਨਿਤ ਕਰਨ ਦੀ ਪੁਰਾਣੀ ਪਰੰਪਰਾ ਰਹੀ ਹੈ। ਅਸੀਂ, ਰੋਜ਼ ਥਿਏਟਰ ਵਿਖੇ ਉਹਨਾਂ ਨਿਵਾਸੀਆਂ ਦਾ ਜਸ਼ਨ ਮਨਾਉਣ ਲਈ ਉਤਸ਼ਾਹਿਤ ਹਾਂ, ਜਿਹਨਾਂ ਨੇ 2021 ਵਿੱਚ ਖਾਸ ਅਸਰ ਪਾਇਆ ਹੈ ਅਤੇ ਨਿਵਾਸੀਆਂ ਨੂੰ ਸਲਾਹ ਦਿੰਦੇ ਹਾਂ ਕਿ brampton.ca/citizensawards ਤੇ ਉਹਨਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ।"

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਸਿਟੀਜ਼ਨਸ ਅਵਾਰਡਸ ਕਮੇਟੀ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਵਾਸੀ, ਰੋਜ਼ਾਨਾ ਸਾਡੀ ਕਮਿਉਨਿਟੀ ਵਿੱਚ ਬਦਲਾਅ ਲਿਆਉਂਦੇ ਹਨ ਅਤੇ ਸਿਟੀਜ਼ਨਸ ਅਵਾਰਡਸ ਸਾਨੂੰ, ਉਹਨਾਂ ਦੇ ਜੋਸ਼ ਅਤੇ ਯੋਗਦਾਨਾਂ ਨੂੰ ਸਨਮਾਨਿਤ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਅਵਾਰਡ ਹਾਸਲ ਕਰਨ ਵਾਲੇ ਸਾਰੇ ਵਿਅਕਤੀਆਂ ਦਾ, 2021 ਦੇ ਦੌਰਾਨ ਅਰਥਪੂਰਣ ਯੋਗਦਾਨ ਲਈ ਧੰਨਵਾਦ।"

- *ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ, ਜੋਸ਼ੀਲੇ ਅਤੇ ਪ੍ਰੇਰਨਾਦਾਇਕ ਨਿਵਾਸੀਆਂ ਨਾਲ ਭਰਪੂਰ ਹੈ, ਜੋ ਸਾਡੀ ਕਮਿਉਨਿਟੀ ਵਿੱਚ ਅਸਲੀ ਬਦਲਾਅ ਲਿਆਉਂਦੇ ਹਨ। ਸਿਟੀ ਆਫ ਬ੍ਰੈਂਪਟਨ ਨੂੰ, ਸਾਡੇ 2021 ਦੇ ਬ੍ਰੈਂਪਟਨ ਸਿਟੀਜ਼ਨਸ ਅਵਾਰਡਸ ਹਾਸਲ ਕਰਨ ਵਾਲਿਆਂ ਦੇ ਅਸਧਾਰਨ ਯੋਗਦਾਨਾਂ ਨੂੰ ਸਨਮਾਨਿਤ ਕਰਨ ਤੇ ਮਾਣ ਹੈ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca